Roll No. ..................

**042**

[Maps of India and World]

Total No. of Questions : 8]

[Total No. of Printed Pages : 8

**SS**

**2067**

**ਸਲਾਨਾ ਪਰੀਖਿਆ ਪ੍ਰਨਾਲੀ**

**GEOGRAPHY (Theory)**

**(Common for Hum., Science and Agriculture Groups)**

**(Punjabi, Hindi and English Versions)**

**(Evening Session)**

Time allowed : Three hours

Maximum marks : 70

**(Punjabi Version)**

*ਨੋਟ : (i)* ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲ਼ੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ **042** ਜ਼ਰੂਰ ਦਰਜ ਕਰੋ ਜੀ ।

*(ii)* ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

*(iii)* ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

*(iv)* **ਸਾਰੇ ਪ੍ਰਸ਼ਨ ਜ਼ਰੂਰੀ ਹਨ ।**

*(v)* ਪ੍ਰਸ਼ਨ ਨੰ. **1** ਦੇ 8 ਉਪ ਭਾਗ ਹਨ । ਇੰਨ੍ਹਾਂ ਦੇ ਉੱਤਰ ਇੱਕ ਸ਼ਬਦ ਤੋਂ ਇੱਕ ਵਾਕ ਵਿੱਚ ਦਿਉ । ਹਰੇਕ ਪ੍ਰਸ਼ਨ ਇੱਕ ਅੰਕ ਦਾ ਹੋਵੇਗਾ ।

*(vi)* ਪ੍ਰਸ਼ਨ ਨੰ. **2** ਦੇ 8 ਉਪ ਭਾਗ ਹਨ । ਹਰੇਕ ਉਪ ਭਾਗ 2 ਅੰਕਾਂ ਦਾ ਹੈ । ਉੱਤਰ ਦੀ ਲੰਬਾਈ 2 ਤੋਂ 3 ਵਾਕਾਂ ਵਿੱਚ ਹੋਵੇਗੀ ।

*(vii)* ਪ੍ਰਸ਼ਨ ਨੰ. **3** ਦੇ 8 ਉਪ ਭਾਗ ਹਨ । ਇਨ੍ਹਾਂ ਵਿੱਚੋਂ ਕੋਈ ਪੰਜ ਪ੍ਰਸ਼ਨਾਂ ਦੇ ਉੱਤਰ 60 ਤੋਂ 80 ਸ਼ਬਦਾਂ ਵਿੱਚ ਦਿਉ । ਹਰ ਪ੍ਰਸ਼ਨ 4 ਅੰਕਾਂ ਦਾ ਹੋਵੇਗਾ ।

*(viii)* ਪ੍ਰਸ਼ਨ ਨੰ. **4** ਤੋਂ **6** ਅੰਦਰੂਨੀ ਛੋਟ ਵਾਲ਼ੇ ਪ੍ਰਸ਼ਨ ਹਨ । ਹਰ ਪ੍ਰਸ਼ਨ 6 ਅੰਕਾਂ ਦਾ ਹੈ । ਇਹਨਾਂ ਦਾ ਉੱਤਰ 150 ਤੋਂ 250 ਸ਼ਬਦਾਂ ਵਿੱਚ ਦਿਉ ।

*(ix)* ਪ੍ਰਸ਼ਨ ਨੰ. **7** ਅਤੇ **8** ਭਾਰਤ ਅਤੇ ਸੰਸਾਰ ਦੇ ਨਕਸ਼ਿਆਂ ਨਾਲ਼ ਸੰਬੰਧਿਤ ਹਨ । ਇਹਨਾਂ ਦੇ ਨਕਸ਼ੇ ਨਾਲ਼ ਨੱਥੀ ਹਨ ।

*(x)* ਵਿਦਿਆਰਥੀ ਭਾਰਤ ਅਤੇ ਸੰਸਾਰ ਦੇ ਸਟੈਂਸਿਲਜ਼ ਵਰਤ ਸਕਦੇ ਹਨ ।

**1.** ਹੇਠ ਲਿਖੇ **ਸਾਰੇ ਪ੍ਰਸ਼ਨ ਜ਼ਰੂਰੀ ਹਨ**, ਉੱਤਰ ਕੁਝ ਕੁ ਸ਼ਬਦਾਂ ਵਿੱਚ ਦਿਓ :

(ੳ) ਸੰਸਾਰ ਦੀ ਸਭ ਤੋਂ ਵੱਧ ਵਸੋਂ ਕਿਹੜੇ ਮਹਾਦੀਪ ਵਿੱਚ ਹੈ ? 1

(ਅ) ਜੀਵ ਸੋਮਿਆਂ ਤੋਂ ਕੀ ਭਾਵ ਹੈ ? 1

(ੲ) ਕਣਕ ਦੀਆਂ ਦੋ ਮੁੱਖ ਕਿਸਮਾਂ ਦੇ ਨਾਂ ਲਿਖੋ । 1

(ਸ) ਪਨਾਮਾ ਨਹਿਰ ਕਿਹੜੇ ਦੋ ਮਹਾਂਸਾਗਰਾਂ ਨੂੰ ਮਿਲਾਉਂਦੀ ਹੈ ? 1

(ਹ) ਇਹਨਾਂ ਵਿੱਚੋਂ ਕਿਹੜਾ ਦੇਸ਼ ਸੰਸਾਰ ਦੀ ਸਭ ਤੋਂ ਵੱਧ ਖੰਡ ਤਿਆਰ ਕਰਦਾ ਹੈ ?

(i) ਭਾਰਤ (ii) ਚੀਨ

(iii) ਥਾਈਲੈਂਡ (iv) ਬਰਾਜ਼ੀਲ । 1

(ਕ) ਸੰਸਾਰ ਦਾ ਸਭ ਤੋਂ ਵੱਧ ਖਣਿਜ ਤੇਲ ਉਤਪਾਦਕ ਦੇਸ਼ ਕਿਹੜਾ ਹੈ ?

(i) ਸਾਊਦੀ ਅਰਬ (ii) ਚੀਨ

(iii) ਸੰਯੁਕਤ ਰਾਜ ਅਮਰੀਕਾ (iv) ਭਾਰਤ । 1

(ਖ) ਤਪਤ ਜਾਂ ਊਸ਼ਣ ਖੰਡ ਦੇ ਵਰਖਾ ਜੰਗਲ ਕਿਹੜੇ ਖੇਤਰ ਵਿੱਚ ਮਿਲਦੇ ਹਨ ?

(i) 5° ਉੱਤਰੀ ਅਕਸ਼ਾਂਸ਼ ਤੋਂ 5° ਦੱਖਣੀ ਅਕਸ਼ਾਂਸ਼ ਵਿਚਾਲੇ

(ii) 50° ਦੱਖਣੀ ਅਕਸ਼ਾਂਸ਼ ਤੋਂ 70° ਦੱਖਣੀ ਅਕਸ਼ਾਂਸ਼ ਵਿਚਾਲੇ

(iii) 30° ਉੱਤਰੀ ਅਕਸ਼ਾਂਸ਼ ਤੋਂ 40° ਉੱਤਰੀ ਅਕਸ਼ਾਂਸ਼ ਵਿਚਾਲੇ । 1

(ਗ) ਸ਼ੇਰਸ਼ਾਹ ਸੂਰੀ ਮਾਰਗ, ਭਾਰਤ ਵਿੱਚ ਕਿੱਥੋਂ-ਕਿੱਥੇ ਤਕ ਹੈ ?

(i) ਕੋਲਕਾਤਾ ਤੋਂ ਅੰਮ੍ਰਿਤਸਰ ਤੱਕ

(ii) ਕੋਲਕਾਤਾ ਤੋਂ ਚੇਨਈ ਤੱਕ

(iii) ਕੋਲਕਾਤਾ ਤੋਂ ਮੁੰਬਈ ਤੱਕ । 1

2. ਹੇਠ ਲਿਖੇ **ਸਾਰੇ ਪ੍ਰਸ਼ਨ ਜ਼ਰੂਰੀ ਹਨ**, ਉੱਤਰ 30 ਕੁ ਸ਼ਬਦਾਂ ਤੱਕ ਦਿਓ :

(ੳ) ਚਾਹ ਦੀ ਬਾਗਵਾਨੀ (ਖੇਤੀ) ਲਈ ਕਿਹੋ ਜਿਹਾ ਧਰਾਤਲ ਚਾਹੀਦਾ ਹੈ ? 2

(ਅ) ਐਲੂਮੀਨੀਅਮ (ਧਾਤ) ਦਾ ਕੀ ਮਹੱਤਵ ਹੈ ? 2

(ੲ) ਜਨਮ ਦਰ ਤੋਂ ਕੀ ਭਾਵ ਹੈ ? 2

(ਸ) ਕੱਚੇ ਲੋਹੇ ਦੀਆਂ ਮੁੱਖ ਕਿਸਮਾਂ ਕਿਹੜੀਆਂ ਹਨ ? 2

(ਹ) ਡੇਅਰੀ ਫਾਰਮਿੰਗ ਤੋਂ ਕੀ ਭਾਵ ਹੈ ? 2

(ਕ) ਮੁੱਕ ਜਾਣ ਵਾਲੇ ਸਾਧਨ ਕਿਹੜੇ ਹਨ ? 2

(ਖ) ਸੰਸਾਰ ਦੇ ਸਭ ਤੋਂ ਵੱਡੇ ਰੇਲ ਮਾਰਗ ਦਾ ਨਾਂ ਦੱਸੋ ਤੇ ਇਹ ਕਿੱਥੋਂ-ਕਿੱਥੇ ਤੱਕ ਹੈ ? 2

(ਗ) ਆਰਥਿਕ ਭੂਗੋਲ ਦੀਆਂ ਕੋਈ ਦੋ ਵਿਸ਼ੇਸ਼ਤਾਵਾਂ ਦੱਸੋ । 2

3. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਭਾਗ ਕਰੋ :

(ੳ) ਕਪਾਹ ਦੀ ਖੇਤੀ ਲਈ ਜ਼ਰੂਰੀ ਭੂਗੋਲਿਕ ਹਾਲਤਾਂ ਦੇ ਨਾਂ ਦੱਸੋ । 4

(ਅ) ਸੰਸਾਰ ਦੀ ਵਸੋਂ ਘਣਤਾ ਤੇ ਵੰਡ ਉੱਤੇ ਅਸਰਪਾਉ ਕਾਰਕਾਂ ਦੇ ਨਾਂ ਲਿਖੋ । 4

(ੲ) ਜੀਵ ਤੇ ਨਿਰਜੀਵ ਸੋਮੇ ਕੀ ਹੁੰਦੇ ਹਨ ? ਉਦਾਹਰਣਾਂ ਦੇ ਕੇ ਲਿਖੋ । 4

(ਸ) ਜੰਗਲਾਂ ਹੇਠਲਾ ਰਕਬਾ ਕਿਉਂ ਘੱਟ ਰਿਹਾ ਹੈ ? ਮੁੱਖ ਕਾਰਨ ਦੱਸੋ । 4

(ਹ) 'ਟਰੱਕ ਫ਼ਾਰਮਿੰਗ' ਤੋਂ ਕੀ ਭਾਵ ਹੈ ? ਵਿਆਖਿਆ ਕਰੋ । 4

(ਕ) ਭਾਰਤ ਵਿੱਚ 'ਸਮੁੰਦਰੀ ਮਛਲੀ ਖੇਤਰ' ਉੱਤੇ ਨੋਟ ਲਿਖੋ । 4

(ਖ) ਹਵਾਈ ਮਾਰਗਾਂ ਦਾ ਕੀ ਮਹੱਤਵ ਹੈ ? 4

(ਗ) ਬਹੁਦੇਸ਼ੀ ਖੇਤਰ ਤੋਂ ਕੀ ਭਾਵ ਹੈ ? ਉਦਾਹਰਨਾਂ ਸਹਿਤ ਲਿਖੋ । 4

4. ਗੰਨੇ ਦੀ ਖੇਤੀ ਲਈ ਜ਼ਰੂਰੀ ਭੂਗੋਲਿਕ ਹਾਲਤਾਂ ਲਿਖੋ । ਸੰਸਾਰ ਵਿੱਚ ਗੰਨੇ ਦੀ ਪੈਦਾਵਾਰ ਕਰਨ ਵਾਲੇ ਮੁੱਖ ਦੇਸ਼ਾਂ ਦਾ ਵਰਨਣ ਕਰੋ ।

ਜਾਂ

ਸੰਸਾਰ ਵਿੱਚ ਸੂਤੀ ਕਪੜੇ ਦੇ ਉਦਿਯੋਗ ਦੇ ਉਤਪਾਦਨ ਤੇ ਵੰਡ ਦਾ ਵਰਨਣ ਕਰੋ । 6

5. ਸ਼ਕਤੀ (ਊਰਜਾ) ਦੇ ਮੁੱਖ ਸਰੋਤ ਕਿਹੜੇ ਹਨ ? ਕਿਸੇ ਇੱਕ ਸਰੋਤ ਦੀ ਵਿਆਖਿਆ ਕਰੋ ।

ਜਾਂ

ਕੁਦਰਤੀ ਸਾਧਨਾਂ ਦਾ ਵਰਗੀਕਰਣ ਕਰੋ ਅਤੇ ਕਿਸੇ ਦੋ ਵਰਗਾਂ ਦਾ ਉਦਾਹਰਨਾਂ ਸਹਿਤ ਵਰਨਣ ਕਰੋ । 6

6. ਸੰਘਣੀ ਵਸੋਂ ਦੇ ਗੁਣਾਂ ਤੇ ਅਵਗੁਣਾਂ ਦਾ ਵਰਨਣ ਕਰੋ ।

ਜਾਂ

ਖੇਤੀਬਾੜੀ ਤੋਂ ਕੀ ਭਾਵ ਹੈ ? ਖੇਤੀ ਕਰਨ ਦੇ ਚਾਰ ਤਰੀਕਿਆਂ ਦਾ ਵਰਨਣ ਕਰੋ । 6

7. ਭਾਰਤ ਦੇ ਖਾਕੇ ਵਿੱਚ ਭਰੋ :

(i) ਸਤਲੁੱਜ ਦਰਿਆ (ii) ਇੱਕ ਗੰਨਾ ਉਤਪਾਦਕ ਖੇਤਰ

(iii) ਥਾਰ ਮਾਰੂਥਲ (iv) ਸ੍ਰੀਨਗਰ 4

8. ਸੰਸਾਰ ਦੇ ਖਾਕੇ ਵਿੱਚ ਭਰੋ :

(i) ਇੱਕ ਭੂ-ਮੱਧ ਰੇਖੀ ਜੰਗਲੀ ਖੇਤਰ (ii) ਐਮੇਜ਼ਨ ਦਰਿਆ

(iii) ਕੋਲੰਬੋ (iv) ਕਾਲਾਹਾਰੀ ਮਾਰੂਥਲ 4

***ਨੋਟ : ਕੇਵਲ ਨੇਤਰਹੀਣ ਵਿਦਿਆਰਥੀਆਂ ਲਈ, ਪ੍ਰਸ਼ਨ 7 ਤੇ 8 ਦੇ ਬਦਲਵੇਂ ਪ੍ਰਸ਼ਨ :***

7. ਕੇਵਲ ਨਾਂ ਲਿਖੋ (ਭਾਰਤ) :

(i) ਆਂਧਰਾ ਪ੍ਰਦੇਸ਼ ਤੇ ਤੇਲੰਗਾਨਾ ਦੀਆਂ ਰਾਜਧਾਨੀਆਂ (ii) ਘੱਟ ਵਰਖਾ ਵਾਲੇ ਖੇਤਰ ਦਾ ਨਾਂ

(iii) ਇਕ ਬਹੁਮੰਤਵੀ ਯੋਜਨਾ ਦਾ ਨਾਂ (iv) ਚਾਹ ਪੈਦਾ ਕਰਨ ਵਾਲਾ ਇੱਕ ਖੇਤਰ । 4

8. ਕੇਵਲ ਨਾਂ ਲਿਖੋ (ਸੰਸਾਰ) :

(i) ਚੀਨ ਦਾ ਇਕ ਲੋਹਾ-ਇਸਪਾਤ ਉਦਯੋਗ ਕੇਂਦਰ (ii) ਬਰਾਜ਼ੀਲ ਦੀ ਰਾਜਧਾਨੀ

(iii) ਹਿੰਦ ਮਹਾਂਸਾਗਰ ਦਾ ਇਕ ਦੀਪ ਸਮੂਹ (iv) ਅਫ਼ਰੀਕਾ ਦਾ ਕੋਈ ਦਰਿਆ । 4